Mobile. : 98151-57511

# THE G.L.C. MEMBERS CO-ORPERATIVE HOUSE BUILDING SOCIETY LTD., MOHALI

(Regd. No. 115, Dated 23-05-2012)

Office :- Co-Operative Homz, Opp. Multitech Tower JLPL, Sec. 91, Mohali
E-mail : glcsociety91@gmail.com

GLC/ HB/ MHL/...P.R. Date 27/02/2023

## ਆਮ ਇਜਲਾਸ ਮਿਤੀ 25/02/2023

1. ਮਾਸਿਕ ਰੱਖ-ਰਖਾਅ ਖਰਚੇ ( Monthly Maintenance Charges-MMC) ਵਿਚ ਵਾਧਾ ਕਰਨ ਸਬੰਧੀ ਵਿਚਾਰ:-

ਸਭਾ ਦੇ ਆਮ ਇਜਲਾਸ ਵਿਚ ਮਾਸਿਕ ਖਰਚਿਆਂ ਨੂੰ ਦੇਖਦੇ ਹੋਏ MMC ਵਿਚ ਵਾਧਾ ਕਰਨ ਉੱਤੇ ਚਰਚਾ ਕੀਤੀ ਗਈ। ਵਿਚਾਰ ਕਰਨ ਉਪਰੰਤ ਹੇਠ ਲਿਖੇ ਮਤੇ ਪਾਸ ਕੀਤੇ ਗਏ:-

i MMC ਵਿਚ ਨਿਮਲਿਖਤ ਵਾਧਾ ਕਰਨ ਦਾ ਫੈਸਲਾ ਲਿਆ ਗਿਆ:-

| ਕੈਟਾਗਰੀ | M M C ਹੁਣ ਤੱਕ | M M C ਹੁਣ ਅੱਗੇ |
|---|---|---|
| 1BHK | 1000/- ਰੁਪਏ | 1800/- ਰੁਪਏ |
| 3BHK | 1500/- ਰੁਪਏ | 2500/- ਰੁਪਏ |
| 4BHK | 1500/- ਰੁਪਏ | 2800/- ਰੁਪਏ |

ਉਪਰੋਕਤ MMC ਵਿਚ ਜੋ ਵਾਧਾ ਕੀਤਾ ਗਿਆ ਹੈ,ਇਹ ਵਾਧਾ ਮਿਤੀ 01/03/2023 ਤੋ ਲਾਗੂ ਹੋਵੇਗਾ।

ii MMC ਦੇਣ ਦੀ ਆਖਰੀ ਮਿਤੀ ਹਰ ਮਹੀਨੇ ਦੀ 05 ਤਰੀਕ ਤੱਕ ਹੋਵੇਗੀ।ਇਸ ਤੋ ਬਾਅਦ18%ਸਾਲਾਨਾ ਦੇ ਹਿਸਾਬ ਨਾਲ ਜ਼ੁਰਮਾਨਾ ਲਗੇਗਾ।

iii. ਮਹਿੰਗਾਈ ਦਰ ਨੂੰ ਦੇਖਦੇ ਹੋਏ MMC ਉੱਤੇ 6% ਦਾ ਵਾਧਾ ਹਰ ਵਿੱਤੀ ਸਾਲ ਲਾਗੂ ਹੋਵੇਗਾ।

iv. ਮੌਜੂਦਾ ਬਕਾਇਆ ਰੱਖ-ਰਖਾਅ ਖਰਚਿਆਂ ਨੂੰ ਦੇਖਦੇ ਹੋਏ, ਇਹ ਫੈਸਲਾ ਲਿਆ ਗਿਆ ਕਿ 20,000/- ਰੁਪਏ ਪ੍ਰਤੀ ਫਲੈਟ ਲਿਆ ਜਾਵੇ।ਮੈਬਰਾਂ ਦੀ ਸਹੂਲਤ ਲਈ ਮਾਰਚ-2023 ਵਿਚ 5,000/- ਰੁਪਏ ਪ੍ਰਤੀ ਫਲੈਟ ਲੈਣ ਦਾ ਫੈਸਲਾ ਕੀਤਾ ਗਿਆ ਅਤੇ ਸਮੀਖਿਆ ਕਰਨ ਉਪਰੰਤ ਲੋੜ ਪੈਣ ਤੇ ਹੀ ਬਕਾਇਆ ਰਾਸ਼ੀ ਲਈ ਜਾਵੇਗੀ।

2. ਮਾਸਿਕ ਰੱਖ-ਰਖਾਅ ਖਰਚੇ (Monthly Maintenance Charges-MMC) ਦੇ ਡਿਫਾਲਟਰ (Defaulter) ਮੈਬਰਾਂ ਤੇ ਵਿਆਜ ਲਗਾਉਣ ਸਬੰਧੀ ਵਿਚਾਰ:-

ਸਭਾ ਦੇ ਆਮ ਇਜਲਾਸ ਵਿਚ MMC ਦੇ Defaulter ਮੈਬਰਾਂ ਤੇ ਵਿਆਜ ਲਗਾਉਣ ਦੇ ਵਿਚਾਰ ਤੇ ਹਾਜਰ ਮੈਬਰਾਂ ਵਲੋ ਸਹਿਮਤੀ ਦਿਤੀ ਗਈ ਅਤੇ ਇਹ ਫੈਸਲਾ ਲਿਆ ਗਿਆ ਕਿ MMC ਦੇ Defaulter ਮੈਬਰਾਂ ਤੇ ਮਿਤੀ 01/10/2020 ਤੋ 18% ਸਾਲਾਨਾ ਵਿਆਜ ਲੱਗੇਗਾ।ਇਹ ਮਤਾ ਸਰਵਸੰਮਤੀ ਨਾਲ ਪਾਸ ਕੀਤਾ ਗਿਆ।

3. ਸਹਾਇਕ ਨਿਯਮਾਂ (Subsidiary Rules) ਤੇ ਵਿਚਾਰ:-

ਸਭਾ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਨਿਮਨਲਿਖਤ ਸਹਾਇਕ ਨਿਯਮਾਂ (Subsidiary Rules) ਨੂੰ ਆਮ ਇਜਲਾਸ ਵਿਚ ਹਾਜਰ ਮੈਂਬਰਾਂ ਵਲੋਂ ਵਿਚਾਰ ਕਰਨ ਉਪਰੰਤ ਪਾਸ ਕੀਤਾ ਗਿਆ। ਇਹ ਨਿਯਮ ਅਨੁਲਗ (ੳ) ਤੇ ਹਨ

4. ਨਾਨ-ਅਲਾਟੀ (Non-Allottee) ਮੈਬਰਾਂ ਦੀ ਮੈਬਰਸ਼ਿਪ ਰੱਦ ਕਰਨ ਸਬੰਧੀ ਵਿਚਾਰ:-

ਸਭਾ ਦੇ ਆਮ ਇਜਲਾਸ ਵਿਚ ਵਿਚਾਰ ਕੀਤਾ ਗਿਆ ਕਿ ਨਾਨ-ਅਲਾਟੀ ਮੈਂਬਰ ਮਿਤੀ 30/12/2018 ਦੀ ਫਲੈਟ ਅਲਾਟਮੈਂਟ ਤੋ ਬਾਅਦ ਕਦੇ ਵੀ ਸਭਾ ਦੀ ਮੀਟਿੰਗ ਜਾਂ ਹੋਰ ਮਸਲਿਆਂ ਵਿਚ ਹਾਜਰ ਨਹੀ ਹੋਏ। ਸਭਾ ਦੇ Bye-Laws ਦੀ ਧਾਰਾ 12. A ਤੇ ਵਿਚਾਰ ਕਰਨ ਉਪਰੰਤ ਨਾਨ-ਅਲਾਟੀ ਮੈਂਬਰਾਂ ਦੀ ਮੈਂਬਰਸ਼ਿਪ ਰੱਦ ਕਰਨ ਦਾ ਫੈਸਲਾ ਲਿਆ ਗਿਆ।

For The G L C Members Co-op.
H/B Society (Regd.), Mohali

President